ਪੰਜਾਬ ਸਰਕਾਰ

ਸਕੂਲ ਸਿੱਖਿਆ ਵਿਭਾਗ

(ਸਿੱਖਿਆ – 3 ਸ਼ਾਖਾ)

**ਅਧਿਸੂਚਨਾ**

ਨੰ.4/8/2020-4ਸਿ3/2020971/1 ਮਿਤੀ: 31.8.2020

ਪ੍ਰਾਈਵੇਟ ਸਕੂਲ/ਸੰਸਥਾਂ ਵੱਲੋਂ ਆਪਣੇ ਸਕੂਲ/ਸੰਸਥਾ ਲਈ Recognition/Registration ਸਬੰਧੀ ਸਰਟੀਫਿਕੇਟ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਸੁਖਾਲਾ ਕਰਨ ਅਤੇ ਵਿਭਾਗ ਦੀ ਕਾਰਜ-ਕੁਸ਼ਲਤਾ ਨੂੰ ਬਹਿਤਰ ਬਣਾਉਣ ਲਈ ਸਰਕਾਰ ਵੱਲੋਂ ਇਸ ਪ੍ਰਕਿਰਿਆ ਨੂੰ ਆਨ-ਲਾਈਨ ਕਰਨ ਦਾ ਫੈਸਲਾ ਲਿਆ ਹੈ। ਆਨ ਲਾਈਨ ਸਿਸਟਮ ਰਾਹੀਂ Recognition/Registration ਸਰਟੀਫਿਕੇਟ ਪ੍ਰਾਪਤ ਕਰਨ ਸਬੰਧੀ ਪ੍ਰਕਿਰਿਆ ਦਾ ਵੇਰਵਾ ਹੇਠ ਅਨੁਸਾਰ ਹੈ:-

1 Recognition/Registration ਲੈਣ ਲਈ ਪ੍ਰਾਈਵੇਟ ਸਕੂਲ/ਸੰਸਥਾ ਵੱਲੋਂ ਆਪਣੇ ਸਕੂਲ/ਸੰਸਥਾਂ ਦੇ Login ID ਤੋਂ www.epunjabschool.gov.in ਪੋਰਟਲ ਅਧੀਨ ਲੱਗੇ ਲਿੰਕ Applications >> Apply for RTE Recognition/Registration ਉੱਤੇ ਜਾ ਕੇ ਆਪਣਾ ਆਨ ਲਾਈਨ ਫਾਰਮ-1(ਆਰ.ਟੀ.ਈ. ਐਕਟ 2009 ਅਨੁਸਾਰ)ਭਰਿਆ ਜਾਵੇਗਾ।

2 ਸਬੰਧਤ ਸਕੂਲ/ਸੰਸਥਾ ਦਸਤਾਵੇਜਾਂ ਅਨੁਸਾਰ ਮੰਗੀ ਗਈ ਜਾਣਕਾਰੀ ਨੂੰ ਆਨ ਆਈਨ ਹੀ ਭਰੇਗਾ ਅਤੇ ਮੰਗੇ ਗਏ ਦਸਤਾਵੇਜ ਵੀ ਆਨ ਲਾਈਨ ਹੀ ਅਪਲੋਡ ਕੀਤੇ ਜਾਣਗੇ।

3 ਸਬੰਧਤ ਸਕੂਲ/ਸੰਸਥਾ ਇਸ ਦੀ ਰਜਿਸਟਰੇਸ਼ਨ ਫੀਸ ਆਨ ਲਾਈਨ ਹੀ ਅਦਾ ਕਰੇਗਾ।

4 ਸਕੂਲਾਂ ਵੱਲੋਂ ਪ੍ਰਾਪਤ ਦਰਖਾਸਤਾਂ ਸਿੱਧੇ ਤੌਰ ਤੇ ਆਨ ਲਾਈਨ ਹੀ ਜਿਲ੍ਹਾ ਸਿੱਖਿਆ ਅਫਸਰ(ਐ:ਸਿੱ) ਕੋਲ ਆ ਜਾਣਗੇ ਅਤੇ ਜਿਲ੍ਹਾ ਸਿੱਖਿਆ ਅਫਸਰ(ਐ:ਸਿੱ) ਵੱਲੋਂ ਸਬੰਧਤ ਕਮੇਟੀ ਨੂੰ ਸਕੂਲ ਵੱਲੋਂ ਦਿੱਤੇ ਦਸਤਾਵੇਜਾਂ ਦੀ ਘੋਖ ਕਰਨ ਲਈ ਆਨ ਲਾਈਨ ਹੀ ਭੇਜੇ ਜਾਣਗੇ। ਜੇਕਰ ਪ੍ਰਾਪਤ ਕੇਸ ਦੇ ਦਸਤਾਵੇਜਾਂ ਵਿੱਚ ਕੋਈ ਕਮੀ ਪਾਈ ਜਾਂਦੀ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ(ਐ:ਸਿੱ)ਵੱਲੋਂ ਕੇਸ ਰੱਦ ਕਰ ਦਿੱਤਾ ਜਾਵੇਗਾ।

5 ਜੇਕਰ ਦਸਤਾਵੇਜ ਹਦਾਇਤਾਂ ਅਨੁਸਾਰ ਠੀਕ/ਦਰੁਸਤ ਪਾਏ ਜਾਂਦੇ ਹਨ ਤਾਂ ਕਮੇਟੀ 48 ਘੰਟੇ ਵਿੱਚ ਪ੍ਰਵਾਨਗੀ/ਇਤਰਾਜ ਸਿਫਾਰਸ਼ ਸਮੇਤ ਜਿਲ੍ਹਾ ਸਿੱਖਿਆ ਅਫਸਰ ਨੂੰ ਆਨ ਆਈਨ ਹੀ ਭੇਜਣਗੇ। ਕਮੇਟੀ ਵੱਲੋਂ ਸਕੂਲ/ਸੰਸਥਾਂ ਦੇ ਦਸਤਾਵੇਜਾਂ ਤੇ ਪ੍ਰਵਾਨਗੀ ਦੀ ਸਿਫਾਰਸ਼ ਉਪਰੰਤ ਜਿਲ੍ਹਾ ਸਿੱਖਿਆ ਅਫਸਰ(ਐ:ਸਿੱ) ਵੱਲੋਂ ਸਬੰਧਤ ਸਕੂਲ/ਸੰਸਥਾ ਦੇ ਅਦਾਰੇ ਦੀ Inspection ਕਰਨ ਲਈ ਕੇਸ ਇੰਸਪੈਕਸ਼ਨ ਕਮੇਟੀ ਨੂੰ ਮਾਰਕ ਕੀਤਾ ਜਾਵੇਗਾ ਅਤੇ ਸਬੰਧਤ ਕਮੇਟੀ 7 ਦਿਨਾਂ ਵਿੱਚ ਰੂਲਾਂ/ਹਦਾਇਤਾਂ ਅਨੁਸਾਰ ਸਬੰਧਤ ਸਕੂਲ ਦੇ ਅਦਾਰੇ ਦੀ Inspection ਕਰਨ ਉਪਰੰਤ ਸਮੇਤ ਸਿਫਾਰਸ਼ ਰਿਪੋਰਟ ਮੁੜ ਆਨ ਲਾਈਨ ਜਿਲ੍ਹਾ ਸਿੱਖਿਆ ਅਫਸਰ ਨੂੰ ਮਾਰਕ ਕਰੇਗੀ।

6 ਜੇਕਰ ਸਕੂਲ /ਸੰਸਥਾ ਦਾ ਅਦਾਰਾ ਰੂਲਾਂ/ਹਦਾਇਤਾਂ ਅਨੁਸਾਰ ਠੀਕ/ਦਰੁਸਤ ਪਾਇਆ ਜਾਂਦਾ ਹੈ ਤਾਂ ਉਸ ਸੰਸਥਾ ਨੂੰ Recognition/Registration ਸਰਟੀਫਿਕੇਟ Auto Generate ਹੋ ਕੇ ਸਬੰਧਤ ਸਕੂਲ/ਸੰਸਥਾ ਦੀ Login ID ਤੇ Show ਹੋਵੇਗਾ ਅਤੇ ਸਬੰਧਤ ਸਕੂਲ/ਸੰਸਥਾ ਇਸ ਨੂੰ ਡਾਊਨਲੋਡ ਕਰ ਸਕਦੇ ਹਨ।

Scanned with CamScanner

7 ਜਿਸ ਸਕੂਲ/ਸੰਸਥਾਂ ਦੇ ਅਦਾਰੇ ਸਬੰਧੀ Inspection ਟੀਮ ਵੱਲੋਂ ਕੁਝ ਇਤਰਾਜ ਦਰਸ਼ਾਏ ਜਾਣਗੇ ਉਹ ਇਤਰਾਜ ਦਰਸ਼ਾਉਂਦੇ ਹੋਏ ਜਿਲ੍ਹਾ ਸਿੱਖਿਆ ਅਫਸਰ(ਐ:ਸਿੱ) ਦੀ Login ID ਤੇ Show ਹੋਣਗੇ ਅਤੇ ਕੇਸ Reject ਕਰ ਦਿੱਤਾ ਜਾਵੇਗਾ। ਜਿਸ ਦੀ ਜਾਣਕਾਰੀ ਸਕੂਲ/ਸੰਸਥਾਂ ਦੀ Login ID ਤੇ ਮਿਲ ਜਾਵੇਗੀ।

8 ਉਕਤ ਸਬੰਧੀ ਕਿਸੇ ਵੀ ਕਿਸਮ ਦੀ ਤਕਨੀਤੀ ਜਾਣਕਾਰੀ ਜਾ ਸਹਿਯੋਗ ਲਈ ਜਿਲ੍ਹਾ ਸਿੱਖਿਆ ਅਫਸਰ/ਜਿਲ੍ਹਾ ਐਮ.ਆਈ.ਐਸ.ਸ਼ਾਖਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਸਕੱਤਰ ਸਕੂਲ ਸਿੱਖਿਆ

ਪਿੱ.ਅੰ.ਨੰ.4/8/2020-4ਸਿ3/

ਮਿਤੀ:

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿੱ)/(ਐ:ਸਿੱ), ਮੋਹਾਲੀ, ਪੰਜਾਬ।

2 ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ:ਸਿੱ)/(ਐ:ਸਿੱ), ਪੰਜਾਬ।

ਸੁਪਰਡੰਟ

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐਲੀ) ਪੰਜਾਬ ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, 6ਵੀ ਮੰਜਿਲ, ਈ ਬਲਾਕ, ਫੇਜ-8 ਮੁਹਾਲੀ (ਸੇਵਾਵਾਂ ਸਾਖਾ)**

**ਈ-ਮੇਲ dpieeservice@punjabeducation.gov.in**

ਪਿਠ ਅੰਕਣ ਨੰ: kw 02/13-2020 ਸੇਪ੍ (1) /533 ਮਿਤੀ: ਮੋਹਾਲੀ: 08.09.2020

ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-3 ਸਾਖਾ) ਵਲੋਂ ਪੱਤਰ ਨੰ: 4/8/2020-4ਸਿ3/2020971/1 ਮਿਤੀ 31.08.2020 ਦਾ ਉਤਾਰਾ ਪੰਜਾਬ ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿ) ਪੰਜਾਬ ਨੂੰ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

2. ਉਤਾਰਾ ਇੰਨਚਾਰਜ ਐਮ.ਆਈ .ਐਸ. ਵਿੰਗ ਨੂੰ ਵਿਭਾਗ ਦੀ ਵੈੱਬਸਾਈਟ ਤੇ ਅੱਪਲੋਡ ਕਰਨ ਅਤੇ ਪੋਰਟਲ ਤੇ ਅੱਪਡੇਟ ਕਰਨ ਹਿੱਤ।

08/09/20

ਸਹਾਇਕ ਡਾਇਰੈਕਟਰ (ਸੇਵਾਵਾਂ)

Scanned with CamScanner